# ਜਗਤਾਰ ਢਾਅ ਦੀ ਕਾਵਿ-ਚੇਤਨਾ
## (ਗੁਆਚੇ ਘਰ ਦੀ ਤਲਾਸ਼)

*** ਆਨੰਦ ਵਰਧਨ**

ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੀ ਸਾਹਿਤਿਕ ਦੇਣ ਬਾਰੇ ਜਦੋਂ ਵੀ ਗੱਲ ਚਲਦੀ ਹੈ, ਤਾਂ ਗੁਰਚਰਨ ਰਾਮਪੁਰੀ ਅਵਤਾਰ ਸਾਦਿਕ, ਰਘਬੀਰ ਢੰਡ, ਕੇਸਰ ਸਿੰਘ ਨਾਵਲਿਸਟ, ਦਰਸ਼ਨ ਗਿੱਲ, ਸਵਰਨ ਚੰਦਨ, ਰਵਿੰਦਰ ਰਵੀ, ਸੁਰਜੀਤ ਕਲਸੀ, ਜਗਜੀਤ ਬਰਾੜ, ਸ਼ੇਰ ਜੰਗ ਜਾਂਗਲੀ ਆਦਿ ਦੇ ਨਾਲ ਜਗਤਾਰ ਢਾਅ ਦਾ ਨਾਂ ਵੀ ਉਲੇਖਯੋਗ ਹੈ। ਬੇਸ਼ਕ ਜਗਤਾਰ ਢਾਅ ਦਾ ਇਕ ਕਹਾਣੀ ਸੰਗ੍ਰਹਿ 'ਨਿਰਮਲ ਬੰਦ' ਵੀ ਚਰਚਿਤ ਹੈ ਪਰ ਉਸ ਦੀ ਵਧੇਰੇ ਪਹਿਚਾਣ ਇਕ ਕਵੀ ਵਜੋਂ ਹੋਈ ਹੈ।

ਜਗਤਾਰ ਢਾਅ ਦੀ ਕਾਵਿ-ਚੇਤਨਾ ਬਾਰੇ ਗੱਲ ਕਰਨ ਤੋਂ ਪਹਿਲਾਂ ਉਪਰੋਕਤ ਵਿਦੇਸ਼ੀ ਸਾਹਿਤਕਾਰਾਂ ਬਾਰੇ ਗੱਲ ਸਾਂਝੀ ਕਰਨੀ ਬਣਦੀ ਹੈ। ਮੇਰਾ ਇਹ ਮਤ ਹੈ ਕਿ ਉਪਰੋਕਤ ਸਾਰੇ ਹੀ ਲੇਖਕਾਂ ਦੀ ਸਾਹਿਤਿਕ ਚੇਤਨਾ ਦਾ ਆਧਾਰ ਛੋਟੀ ਕਿਰਸਾਨੀ ਦੀ ਪ੍ਰਾਪਤ ਦੁਖਾਂਤਕ ਸਥਿਤੀ ਹੈ। ਭਾਰਤ ਵਰਗੇ ਪਛੜੇ ਦੇਸ਼ ਵਿਚ ਛੋਟਾ ਕਿਸਾਨ ਅੱਜ ਸਖ਼ਤ ਮਿਹਨਤ ਅਤੇ ਨਵੇਂ-ਨਵੇਂ ਸੰਦਾਂ, ਬੀਜਾਂ, ਦੁਆਈਆਂ ਦਾ ਪ੍ਰਯੋਗ ਕਰਕੇ ਵੀ ਗੁਜ਼ਾਰੇ ਜੋਗੀ ਵੀ ਪੈਦਾਵਾਰ ਨਹੀਂ ਕਰ ਸਕਦਾ। ਉਹ ਕਰਜ਼ੇ ਦਾ ਮਾਰਿਆ, ਮਹਿੰਗਾਈ ਦਾ ਸਤਾਇਆ ਟੱਬਰ ਦੇ ਬੋਝ ਹੇਠ ਦੱਬਿਆ ਹੋਇਆ ਹੈ। ਇਸ ਦੇ ਨਾਲ ਹੀ ਉਹ ਆਪਣੀ ਜੱਟਕੀ ਹੈਂਕੜ ਦਾ ਸ਼ਿਕਾਰ ਹੈ। ਵਿਕਸਤ ਪੂੰਜੀਵਾਦੀ ਦੇਸ਼ਾਂ ਵਿਚ ਉਹ ਆਪਣਾ ਤਨ-ਮਨ ਵੇਚ ਕੇ ਪੌਂਡ, ਡਾਲਰ ਕਮਾਉਣ ਜਾਂਦਾ ਹੈ। ਉਹ ਪੂੰਜੀਵਾਦੀ ਦੇਸ਼ਾਂ ਦੇ ਜਮਾਤੀ ਖਾਸੇ ਤੋਂ ਅਣਜਾਣ, ਉੱਥੇ ਪਹੁੰਚ ਤਾਂ ਜਾਂਦਾ ਹੈ ਪਰ ਜਦੋਂ ਉਸਦਾ ਵਾਹ ਉੱਥੋਂ ਦੀ ਪ੍ਰਾਪਤ ਸਥਿਤੀ, ਜੋ ਉਸ ਦੀ ਇੱਛਤ ਸਥਿਤੀ ਤੋਂ ਬਿਲਕੁਲ ਉਲਟ ਹੋ ਨਿਬੜਦੀ ਹੈ, ਦੇ ਨਾਲ ਪੈਂਦਾ ਹੈ ਤਾਂ ਉਹ ਬਹੁਤ ਹੀ ਦੁਖੀ ਹੁੰਦਾ ਹੈ। ਉਸ ਨੂੰ ਨਸਲੀ ਵਿਤਕਰੇ, ਮਿਹਨਤ ਦੀ ਲੁੱਟ, ਸਭਿਆਚਾਰਕ ਪਾੜੇ ਦੀ ਗਿਰਾਵਟੀ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਫਿਰ ਉਹ ਕੁਰਲਾਅ ਉੱਠਦਾ ਹੈ। ਇਹਨਾਂ ਲੇਖਕਾਂ ਦੀਆਂ ਸਮੁੱਚੀਆਂ ਰਚਨਾਵਾਂ ਦੀ ਸਾਂਝੀ ਸੁਰ ਇਹ ਕੁਰਲਾਹਟ ਹੀ ਹੈ।

****ਸਹਾਇਕ ਪ੍ਰੋਫੈਸਰ ਪੰਜਾਬੀ, ਗੁਰੂ ਨਾਨਕ ਕਾਲਜ, ਬੁਢਲਾਡਾ**

ਅੱਜ ਜਦੋਂ ਅਸੀਂ ਜਗਤਾਰ ਢਾਅ ਦੀ ਪੁਸਤਕ 'ਗੁਆਚੇ ਘਰ ਦੀ ਤਲਾਸ਼' ਦੇ ਸੰਬਧ ਵਿਚ ਉਸਦੀ ਕਾਵਿ- ਚੇਤਨਾ ਬਾਰੇ ਚਰਚਾ ਕਰਨ ਲੱਗੇ ਹਾਂ, ਤਾਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਪਹਿਲਾਂ ਕਾਵਿ ਪ੍ਰਤਿਮਾਨਾਂ ਅਤੇ ਪ੍ਰਯੋਜਨਾਂ ਬਾਰੇ ਸਪਸ਼ਟ ਹੋ ਲਈਏ।

ਹਰ ਕਵੀ ਦੀ ਰਚਨਾ ਦਾ ਵਸਤੂਪਰਕ ਆਧਾਰ ਉਸ ਦਾ ਦੁਆਲਾ ਹੈ। ਮਨੁੱਖ ਆਪਣੇ ਦੁਆਲ਼ੇ ਅਨੁਸਾਰ ਨਹੀਂ, ਸਗੋਂ ਦੁਆਲ਼ਾ ਉਸ ਅਨੁਸਾਰ ਚੱਲਦਾ ਹੈ। ਇਹੀ ਵਸਤੂਪਰਕ ਆਧਾਰ ਦਾ ਬਾਹਰਮੁਖੀ ਉਸਾਰ ਹੈ। ਇਸ ਉਸਾਰ ਦੀ ਸਿਰਜਨਾ ਹੀ ਇਕ ਤਨਾਓ ਨੂੰ ਜਨਮ ਦਿੰਦੀ ਹੈ। ਇਹ ਤਨਾਓ ਮਨੁੱਖ ਨੂੰ ਅੰਤਰ ਜਾਂ ਬਾਹਰ ਭਾਵ Subjective ਜਾਂ Objective ਦੋ ਤਰ੍ਹਾਂ ਨਾਲ ਕ੍ਰਿਆਸ਼ੀਲ ਕਰ ਸਕਦਾ ਹੈ।

ਤਨਾਓ ਮੁਕਤ, ਤਨਾਓ ਦੀ ਸਥਿਤੀ ਨੂੰ ਸਮਝਣਾ ਅਤੇ ਉਸਦਾ ਬਾਹਰਮੁਖੀ ਵਿਸ਼ਲੇਸ਼ਣ ਕਰਨਾ ਹੀ ਅੱਜ ਦੇ ਲੇਖਕਾਂ ਦਾ ਪ੍ਰਮੁੱਖ ਕਾਰਜ ਹੈ। ਮੈਂ ਉਪਰੋਕਤ ਮਹੱਤਵਪੂਰਨ ਸਵਾਲ ਨੂੰ ਹੀ ਜਗਤਾਰ ਢਾਅ ਦੀ ਪੁਸਤਕ 'ਗੁਆਚੇ ਘਰ ਦੀ ਤਲਾਸ਼' ਦਾ ਅਧਿਐਨ ਕਰਨ ਲਈ ਆਧਾਰ ਬਣਾਵਾਂਗਾ।

ਜਗਤਾਰ ਢਾਅ ਨੇ ਆਪਣੀ ਇਹ ਪੁਸਤਕ ਉਨ੍ਹਾਂ ਹਿੰਦੁਸਤਾਨ ਗਦਰ ਪਾਰਟੀ ਦੇ ਬਹਾਦਰ ਅਮਰ ਸ਼ਹੀਦਾਂ ਅਤੇ ਸੰਗਰਾਮੀਆਂ ਦੇ ਨਾਂ ਕੀਤੀ ਹੈ, ਜੋ ਪ੍ਰਦੇਸਾਂ ਵਿਚ ਰੋਜ਼ੀ-ਰੋਟੀ ਦੀ ਭਾਲ ਵਿਚ ਭਟਕਦੇ ਹਿੰਦੁਸਤਾਨੀਆਂ ਲਈ ਸਦਾ ਚਾਨਣ-ਮੁਨਾਰੇ ਰਹਿਣਗੇ। ਸਪਸ਼ਟ ਹੈ ਕਿ ਕਵੀ 1912-13 ਈ ਵਿਚ ਬਣੀ ਸਾਨਫਰਾਂਸਿਸਕੋ ਦੀ ਗਦਰ ਪਾਰਟੀ ਦੀ ਆਵਾਜ਼ ਨੂੰ ਵਸਤੂਪਰਕ

**(ਮਾਨਸਾ)**

ਆਧਾਰਾਂ ਉੱਤੇ ਆਪਣੀ ਕਾਵਿ-ਚੇਤਨਾ ਦਾ ਪ੍ਰੇਰਨਾ-ਸਰੋਤ ਬਣਾਉਣਾ ਚਾਹੁੰਦਾ ਹੈ। ਅਸੀਂ ਜੇ ਜਗਤਾਰ ਢਾਅ ਦੀ ਇਸ ਪੁਸਤਕ ਨੂੰ ਜ਼ਰਾ ਗਹੁ ਨਾਲ ਵਾਚੀਏ, ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਰਚਨਾ ਗਦਰ-ਗੂੰਜਾਂ ਦੇ ਕਵੀਆਂ ਦੀਆਂ ਕਾਵਿ-ਰਚਨਾਵਾਂ ਦਾ ਹੀ ਆਤਮਕ ਰੂਪ ਵਿਚ ਦੁਹਰਾਓ ਹੈ।

ਸਾਨਫਰਾਂਸਿਸਕੋ ਦੀ ਗਦਰ ਪਾਰਟੀ ਦੀ ਕਾਇਮੀ ਦਾ ਮੁੱਖ ਕਾਰਨ ਅਮਰੀਕਾ ਵਿਚ ਗਏ ਉਹਨਾਂ ਛੋਟੇ ਕਿਰਸਾਨਾਂ ਨੂੰ ਰੁਜ਼ਗਾਰ ਦੀ ਭਾਲ ਕਰਦਿਆਂ ਉੱਥੋਂ ਦੇ ਮਜ਼ਦੂਰਾਂ ਨਾਲ ਟਕਰਾਓ ਅਤੇ ਆਪਣੇ ਦੇਸ਼ ਨੂੰ ਗੁਲਾਮੀ ਦੀ ਸਥਿਤੀ ਵਿਚ ਛੱਡ ਆਉਣ ਦਾ ਅਮਰੀਕਨ ਵਸਨੀਕਾਂ ਵੱਲੋਂ ਦਿੱਤਾ ਤਾਅਨਾ ਸੀ। ਉਹਨਾਂ ਸਿਰਲੱਥ ਯੋਧਿਆਂ ਨੇ ਵਤਨ ਨੂੰ ਆਜ਼ਾਦ ਕਰਵਾਉਣ ਲਈ ਕਸਮਾਂ ਖਾਧੀਆਂ। ਬਿਲਕੁਲ ਇਹੀ ਧੁਨੀ ਜਗਤਾਰ ਢਾਅ ਦੀ ਇਸ ਕਾਵਿ-ਰਚਨਾ ਵਿਚ ਉੱਚੀ ਸੁਰ ਵਜੋਂ ਗੂੰਜਦੀ ਹੈ।

ਅੰਗਰੇਜ਼ ਦੇ ਚਲੇ ਜਾਣ ਤੋਂ ਬਾਅਦ ਭਾਰਤ ਦੀ ਆਜ਼ਾਦੀ ਦਾ ਆਦਰਸ਼ਕ ਸੁਪਨਾ ਪੂਰੀ ਨਹੀਂ ਹੋਇਆ। ਵਿਦੇਸ਼ੀ ਲੁਟੇਰਿਆਂ ਦੀ ਥਾਂ ਦੇਸੀ ਲੁਟੇਰਿਆਂ ਨੇ ਲੈ ਲਈ। ਜੇਕਰ ਗਦਰੀ ਬਾਬੇ ਆਪਣੇ ਪਿੰਡਾਂ ਨੂੰ ਛੱਡ ਕੇ ਅਮਰੀਕਾ ਵਿਚ ਅੰਗਰੇਜ਼ ਸਾਮਰਾਜ ਦੀ ਲੁੱਟ, ਕਰਜ਼ਾ, ਜ਼ਮੀਨਾਂ ਦੀ ਕੁਰਕੀ ਆਦਿ ਕਾਰਨਾਂ ਕਰਕੇ ਗਏ ਸਨ, ਤਾਂ ਜਗਤਾਰ ਢਾਅ ਦੀ ਕਾਵਿ-ਰਚਨਾ ਵਿਚਲਾ ਮਨੁੱਖ, ਜੋ ਇੱਕ ਬਾਪ ਦੇ ਰੂਪ ਵਿਚ 'ਛਿਪਕਲੀ ਦੀ ਹਸਰਤ' ਨਾਂ ਦੇ ਪਹਿਲੇ ਭਾਗ ਵਿਚ ਸਿਰਜਿਆਂ ਹੈ ਤੇ ਆਪਣੇ ਆਪ ਨੂੰ ਪੁੱਤ ਦੀ ਹੈਸੀਅਤ ਵਿਚ 'ਆਪੇ ਦਾ ਸਫ਼ਰ', 'ਖਲਾਅ ਦਾ ਆਦਮੀ' ਅਤੇ ਅੰਤ ਵਿਚ 'ਮੈਂ ਚਾਹੁੰਦਾ' ਦੇ ਸਿਰਲੇਖਾਂ ਹੇਠ ਵਿਕਸਿਤ ਕੀਤਾ ਹੈ। ਭਾਰਤ ਦੀ ਅੱਜ ਦੀ ਛੋਟੀ ਕਿਰਸਾਨੀ ਦੇ ਦੁਖਾਂਤ ਦਾ ਯਥਾਰਥ ਹੈ। ਜਗਤਾਰ ਅਜੋਕੀ ਪ੍ਰਸੰਗਕਤਾ ਦੇ ਸੰਦਰਭ ਵਿਚ ਪ੍ਰਾਪਤ ਯਥਾਰਥ ਅੱਗੇ ਇਸ ਤਰ੍ਹਾਂ ਖੜ੍ਹਦਾ ਹੈ-

ਘਰ ਦੇ ਚੁੱਲ੍ਹੇ ਵਿਚ ਪਾਥੀਆਂ ਦੀ ਜਗ੍ਹਾ,
ਮਾਂ ਦਾ ਤਨ ਜਲਦਾ ਸੀ।
ਖੇਤਾਂ ਵਿਚ ਖਾਦ ਦੀ ਥਾਂ,
ਬਾਪ ਦਾ ਖ਼ੂਨ ਰਲਦਾ ਸੀ।
ਵਿਹੜੇ ਵਿਚ ਬੈਠੀਆਂ ਭੁੱਖ ਦੀਆਂ ਬਿੱਲੀਆਂ,
ਸਾਡੇ ਘਰ ਜਦੋਂ ਵੀ ਹੱਸਦੀਆਂ ਸਨ।
ਸਾਡੇ ਘਰ ਦੀਆਂ ਕੰਧਾਂ,
ਤੰਦੂਰ ਵਾਗੂੰ ਤਪਦੀਆਂ ਸਨ।[1]
ਭੁੱਖ ਦੀ ਕੈਕਈ ਦਾ ਮੰਗਿਆ,
ਦਿੱਲੀ ਦੇ ਦਸਰਥਾਂ ਦਾ ਦਿੱਤਾ।
ਤੇ ਆਪ ਹੱਸ-ਹੱਸ
ਬਿਨਾਂ ਕਿਸੇ ਹੀਲ-ਹੁੱਜਤ ਸਵੀਕਾਰ ਕੀਤਾ
ਇਹ ਸਾਡੀਆਂ ਉਮਰਾਂ ਦਾ ਹੀ ਨਹੀਂ
ਸਾਡੀਆਂ ਆਉਣ ਵਾਲੀਆਂ ਨਸਲਾਂ ਦਾ ਵੀ ਬਣਵਾਸ ਹੈ।[2]

ਬਿਲਕੁਲ ਇਸੇ ਤਰ੍ਹਾਂ ਦੀ ਸਥਿਤੀ ਦਾ ਗਦਰ-ਗੂੰਜਾਂ ਦੇ ਕਵੀ ਏਦਾਂ ਸਾਹਮਣਾ ਕਰਦੇ ਹਨ-

ਜਿਮੀਂਦਾਰਾਂ ਦੇ ਮੰਦੜੇ ਹਾਲ ਹੋਏ,
ਧੂਹੀ ਸੱਖਣੇ ਫਿਰਨ ਹਰਨਾੜੀਆਂ ਨੂੰ।
ਸਾਨੂੰ ਲੁੱਟ ਕੇ ਜ਼ਾਲਮਾਂ ਨੰਗਾ ਕੀਤਾ,
ਹੂੰਝਾ ਫੇਰ ਕੇ ਰੜੇ ਬੁਹਾਰੀਆਂ ਨੂੰ।
ਸੱਚੀ ਗੱਲ ਦਾ ਲਿਖਦਾ ਮੂਲ ਕੋਈ,

ਵਗੀ ਮਾਰ ਅਖ਼ਬਾਰ ਲਿਖਾਰੀਆਂ ਨੂੰ।
ਫੁੱਟ ਪਾ ਕੇ ਹਿੰਦ ਨੂੰ ਲੁੱਟ ਲੀਤਾ,
ਦਿਓ ਸਬਕ ਹੁਣ ਇੰਨ੍ਹਾਂ ਜੁਆਰੀਆਂ ਨੂੰ।[3]

ਗੁਆਚੇ ਘਰ ਦੀ ਤਲਾਸ਼ ਕਰਨ ਲਈ, ਭੁੱਖ ਦਾ ਸਤਾਇਆ ਮਨੁੱਖ ਇੰਗਲੈਂਡ ਜਾਂ ਕਿਸੇ ਹੋਰ ਮੁਲਕ ਅਮਰੀਕਾ, ਕੈਨੇਡਾ ਵਗੈਰਾ 'ਚ ਚਲਾ ਜਾਂਦਾ ਹੈ। ਜਦੋਂ ਉੱਥੋਂ ਦੇ ਪ੍ਰਾਪਤ ਯਥਾਰਥ ਨਾਲ ਉਸ ਦਾ ਵਾਹ ਪੈਂਦਾ ਹੈ, ਤਾਂ ਉਸ ਦੇ ਆਦਰਸ਼ ਦਾ ਮਹਿਲ ਢਹਿ-ਢੇਰੀ ਹੋ ਜਾਂਦਾ ਹੈ ਤੇ ਕਵੀ ਮਨ ਕੂਕ ਉੱਠਦਾ ਹੈ-

ਪ੍ਰਦੇਸੀ ਹੋਣ ਦੇ ਅਹਿਸਾਸ ਦਾ ਹਉਕਾ
ਸਾਡੀਆਂ ਹੱਡੀਆਂ ਵਿਚ ਇਸ ਤਰ੍ਹਾਂ ਲਹਿੰਦਾ
ਕਮਾਦ ਦਾ ਕੀੜਾ ਜਿਉਂ
ਗੰਨੇ ਦੀ ਪੋਰੀ ਪੋਰੀ ਵਿਚ ਲੰਘਦਾ।[4]
ਗਲੀ ਦੇ ਹਰ ਮੋੜ ਉੱਤੇ
ਨਸਲੀ ਨਫ਼ਰਤ ਬਾਘ
'ਕਾਲੇ ਹਰਾਮ ਦੇ' 'ਗੰਦ ਦੇ ਕੀੜੇ' ਜਿਹੇ
ਬੋਲਾਂ ਦੀਆਂ ਛਰੀਟਾਂ
ਸਾਡੇ ਜਿਸਮਾਂ ਉੱਤੇ ਵੱਜਦੀਆਂ।
ਗੋਰਾ ਤੂਫ਼ਾਨ ਮੇਰੇ ਕਾਲੇ ਰੰਗ ਨੂੰ
ਨਿੱਤ ਸੜਕਾਂ ਉੱਤੇ ਮਧੋਲਦਾ ਹੈ
ਇੱਜਤ ਮੇਰੀ ਰੋਲ਼ਦਾ ਹੈ।

ਬਿਲਕੁਲ ਇਹੀ ਸਥਿਤੀ ਗਦਰ ਗੂੰਜ ਦੇ ਲੇਖਕ ਦੀ ਕਲਮ ਉੱਤੇ ਸੀ-

ਦੋਵੇਂ ਹੱਥੀ ਲੁੱਟ ਮਚਾਈ, ਰੋਕੇ ਮੂਲ ਨਾ ਕੋਈ ਜੀ।
ਧੱਕੇ ਪੈਣ ਚੁਫੇਰੇ ਸਾਨੂੰ, ਕਿਧਰੇ ਮਿਲੇ ਨਾ ਢੋਈ ਜੀ।
ਇੰਗਲਿਸ਼ 'ਕੁਲੀ' ਪੁਕਾਰਨ ਸਾਨੂੰ, ਕਰਦੇ ਹੈਂ ਬਦਖੋਈ ਜੀ।
ਇੱਜਤ ਆਦਰ ਕੋਈ ਨਾ ਸਾਡਾ, ਲਾਹੀ ਜ਼ੁਲਮ ਨੇ ਲੋਈ ਜੀ।
ਜ਼ਾਲਮ ਜ਼ੁਲਮ ਕਮਾਵੇ ਹਰਦਮ, ਗੁੱਝੇ ਤੀਰ ਚਲਾਵੇ ਜੀ।
ਮਾਰੇ ਝਿੜਕ ਰੋਣ ਨਾ ਦੇਵੇ, ਨਾਲੇ ਲੁੱਟ-ਲੁੱਟ ਖਾਵੇ ਜੀ।[5]

ਉਪਰੋਕਤ ਪ੍ਰਾਪਤ ਯਥਾਰਥ ਦੀ ਸਥਿਤੀ ਬੜੀ ਹੀ ਕਰੂਰ ਹੈ। ਸਵਾਲ ਇਹ ਪੈਦਾ ਹੁੰਦਾ ਹੈ, ਕੀ ਕਵੀ ਇਸ ਸਥਿਤੀ ਅਨੁਸਾਰ ਢਲ ਜਾਵੇ ਜਾਂ ਬਾਹਰਮੁਖੀ ਪ੍ਰਸਥਿਤੀਆਂ ਦਾ ਸਾਹਮਣਾ ਕਰਦਾ ਹੋਇਆ ਕਿਸੇ ਅਜਿਹੇ ਤਨਾਓ, ਗੁੱਸੇ, ਆਲੋਚਨਾ ਜਾਂ ਸੋਚ ਦੀ ਸਿਰਜਨਾ ਕਰੇ ਜੋ ਮੁਕਤੀ ਯੁਕਤ ਹੋਵੇ, ਸੁਝਾਓ-ਮੁਖੀ ਹੋਵੇ? ਜਗਤਾਰ ਢਾਅ ਅਜਿਹੀ ਸਥਿਤੀ ਦੀ ਕਰੂਰ ਆਲੋਚਨਾ ਏਦਾਂ ਕਰਦਾ ਹੈ-

ਇਸ ਧਰਤ ਦੀ ਧੁੱਪ ਵੀ ਤਾਂ ਬੜੀ ਬੀਮਾਰ ਹੈ
ਨਿਪੁੰਸਕ ਜਿਹੀ ਧੁੱਪ ਦਾ ਪਿੰਡਾ ਬੜਾ ਹੀ ਠੰਡਾ-ਠਾਰ ਹੈ।
ਇਸ ਦੇ ਪਾਣੀਆਂ ਵਿਚ ਤੈਰਦੀਆਂ ਮਛਲੀਆਂ
ਬੜੀਆਂ ਹੀ ਦਗਦੀਆਂ ਹਨ।
ਅੰਦਰੋਂ ਬੂ ਮਾਰਦੀਆਂ ਮਛਲੀਆਂ

ਬਾਹਰੋਂ ਸੁਨਹਿਰੀ ਲਗਦੀਆਂ ਹਨ।[6]
ਇਸ ਦੇ 'ਲੋਕ ਗੜ੍ਹ' ਵਿਚ
ਹੁਕਮਰਾਨ ਪਾਰਟੀਆਂ ਦਾ ਬਦਲਣਾ
ਸਾਈਨ ਬੋਰਡ ਨੂੰ ਬਦਲਣ ਦਾ ਹੈ ਇਕ ਜਾਲ
ਵੱਖ-ਵੱਖ ਬੁਰਕਿਆਂ ਹੇਠ ਪਲਦੀ ਇਕੋ ਸਰਾਲ਼

ਗਦਰ-ਗੂੰਜਾਂ ਦੇ ਲਿਖਾਰੀ ਵੀ ਉਪਰੋਕਤ ਸਥਿਤੀ ਦੀ ਕਰੂਰ ਆਲੋਚਨਾ ਇਸੇ ਤਰ੍ਹਾਂ ਕਰਦੇ ਹਨ-

ਦੁਸ਼ਮਣ ਅਸਾਂ ਦਾ ਬਹੁਤ ਬਦਮਾਸ਼ ਜ਼ਾਲਮ,
ਧੋਖਾ ਏਸ ਦਾ ਤੁਸਾਂ ਨਾ ਖਾ ਜਾਣਾ।
ਸਾਰੇ ਜੱਗ ਤੋਂ ਬੁਰਾ ਬਦਮਾਸ਼ ਝੂਠਾ,
ਖ਼ਬਰਦਾਰ ਹੋ ਵਾਰ ਬਚਾ ਜਾਣਾ।
ਦੁਸ਼ਮਣ ਦਿਨੋਂ-ਦਿਨ ਹਿੰਦ ਨੂੰ ਲੁੱਟੀ ਜਾਂਦਾ,
ਜਦ ਤੱਕ ਵੀਰਨੋਂ ਮੁਲਕ ਬਚਾਉਗੇ ਨਾ।
ਮੁਲਕ ਛੱਡ ਪ੍ਰਦੇਸ ਦੇ ਵਿਚ ਆਏ,
ਜਿੱਚਰ ਚੱਪ ਤਿੱਤਰ 'ਸੁਖ' ਪਾਓਗੇ ਨਾ।
ਬੇਈਮਾਨ ਫ਼ਰੰਗ ਨਾ ਟਲੇ ਵੀਰੋ,
ਜਿੱਚਰ ਹੱਥ ਤਲਵਾਰ ਨੂੰ ਪਾਓਗੇ ਨਾ।[7]

ਜਗਤਾਰ ਢਾਅ ਇਸ ਪ੍ਰਾਪਤ ਯਥਾਰਥ ਨੂੰ ਬਦਲਣ ਦੀ ਪ੍ਰਬਲ ਇੱਛਾ ਰੱਖਦਾ ਹੈ। ਉਹ ਆਪਣੀ ਕਾਵਿ-ਰਚਨਾ ਰਾਹੀਂ ਲੋਕਾਂ ਵਿਚ ਇਸ ਪ੍ਰਾਪਤ ਯਥਾਰਥ ਨੂੰ ਬਦਲ ਕੇ ਇੱਛਤ ਯਥਾਰਥ ਦੇ ਸਮਾਜ ਦੀ ਸਿਰਜਨਾ ਕਰਨ ਲਈ ਇਕ ਤੜਪ, ਇਕ ਤਨਾਓ, ਇਕ ਤਾਂਘ ਪੈਦਾ ਕਰਨਾ ਚਾਹੁੰਦਾ ਹੈ। ਇਹ ਸਮਾਜ ਕਿਹੋ-ਜਿਹਾ ਹੋਵੇਗਾ? ਦਾ ਸਪਸ਼ਟ ਆਦਰਸ਼ ਉਲੀਕਦਾ ਹੈ।

ਮੈਂ ਨਹੀਂ ਚਾਹੁੰਦਾ
ਹੁਣ ਹੋਰ ਸਿੱਪੀਆਂ ਘੋਗਿਆਂ ਦੀ ਜੂਨ ਗੁਜ਼ਾਰਨੀ
ਮੈਂ ਤਾਂ ਚਾਹੁੰਦਾ ਹਾਂ
ਸਿੱਪੀ ਦੇ ਖੋਲ ਚੋਂ ਨਿਕਲ
ਮੁੜ ਉਡਦਿਆਂ ਪੰਛੀਆਂ ਸੰਗ
ਕਿਲਕਾਰੀ ਮਾਰਨੀ।
ਚਾਹੁੰਦਾ ਹਾਂ ਮੈਂ,
ਕਿਰਤੀ ਦੇ ਕੋਠਿਆਂ ਲਈ ਬਣ ਜਾਵਾਂ ਗਾਰਾ
ਛਣਕਾ ਬਣ ਲਾਲ ਚੂੜਾ
ਉਸ ਦੀ ਧੀ ਮੁਟਿਆਰ ਦਾ
ਮੈਂ ਤਾਂ ਚਾਹੁੰਦਾ ਹਾਂ,
ਸੂਤ ਕਤਦੀਆਂ ਛੱਲੀਆਂ ਨੂੰ ਕੋਈ
ਨਾ ਉਧਾਲ ਲੈ ਜਾਵੇ
ਬੂਰ ਨਾਲ ਲੱਦੇ ਅੰਬਾਂ ਦਾ

ਨਾ ਕੋਈ ਬੂਰ ਝਾੜ ਜਾਵੇ।
ਮੈਂ ਤਾਂ ਚਾਹੁੰਦਾ ਹਾਂ,
ਕਿਤਾਬਾਂ ਲਈ ਰੋਂਦੇ
ਕਿਰਤੀ ਦੇ ਬਾਲ ਲਈ
ਪਾਠਸ਼ਾਲਾ ਬਣਨਾ।
ਮੈਂ ਤਾਂ ਚਾਹੁੰਦਾ ਹਾਂ,
ਸਭਨਾਂ ਲਈ ਸਾਝਾਂ ਘਰ ਬਣਾਵਾਂ
ਫਿਰ ਜ਼ਿੰਦਗੀ ਦੇ ਤੂਫਾਨ ਵਿਚ
ਨਾ ਕਿਸੇ ਦਾ ਘਰ ਗੁਆਚੇਗਾ
ਨਾ ਰਹੂ ਪੇਟ ਕੋਈ ਭੁੱਖਾ
ਨਾ ਜੀਵਨ ਰੂਹ ਦਾ ਰੋਗ ਜਾਪੇਗਾ।[8]

ਠੀਕ ਇਸੇ ਤਰ੍ਹਾਂ ਹੀ ਗਦਰੀ ਬਾਬਿਆਂ ਦਾ ਆਦਰਸ਼ਕ ਤਨਾਓ ਵੀ ਬੜਾ ਸਪਸ਼ਟ ਅਤੇ ਸਾਫ਼ ਸੀ।

ਉਹ ਭੋਗਣ ਰਾਜ ਦੁਆਰਾ, ਅਸੀਂ ਕਿਉਂ ਡੁੱਬੇ ਨਾਰਕਾਂ ਮੇਂ।
ਗਲੀਏ ਚਿੱਕੜ ਢੱਠੇ ਕੋਠੇ, ਉਹ ਤੁਰਦੇ ਹਨ ਸੜਕਾਂ ਮੇਂ।
ਸਾਡੇ ਘਰ ਵਿਚ ਤੇਲ ਨਾ ਬੱਤੀ, ਉੱਥੇ ਬਿਜਲੀ ਘਰ ਘਰ ਮੇਂ।
ਲੋਕਾਂ ਅੰਦਰ ਅਸੀਂ ਨਿਕਾਰੇ, ਧੱਕੇ ਖਾਈਏ ਦਰ-ਦਰ ਮੇਂ।
ਉੱਠੋ ਬਣੋ ਬਹਾਦਰ ਬੁਜ਼ਦਿਲ, ਖੰਡਾ ਕਾਹੇ ਛਪਾਯਾ ਹੈ।
ਕੀ ਹੋਇਆ ਕੀ ਹੋਇਆ ਲੋਕੋ, ਭਾਰਤ ਕਿਉਂ ਭੁਲਾਯਾ ਹੈ।
ਕਾਰ ਕਮਾਵੇਂ ਹੋਵੇ ਨਾ ਹਾਲਾ, ਬੀਜੇਂ ਕਣਕ ਕਮਾਵੇਂ ਤੂੰ।
ਖਾਣੇ ਨੂੰ ਨਾ ਮਿਲਦੀ ਮਾਸਾ, ਮੱਕੀ ਜੌਂ ਨਿੱਤ ਖਾਵੇਂ ਤੂੰ।
ਛੱਤੀ ਖਾਣੇ ਭਾਰਤ ਅੰਦਰ, ਭੁੱਖਾ ਛਿੱਤਰ ਖਾਵੇਂ ਤੂੰ।
ਸਾਡੀ ਖੱਟੀ ਬਾਂਦਰ ਖਾਂਦੇ, ਖੱਟ ਖੱਟ ਆਪ ਖਲਾਵੇਂ ਤੂੰ।
ਅਤਲਸ ਅਤਲਸ ਉਹ ਪਹਿਨਦੇ, ਤੈਨੂੰ ਨੰਗਾ ਭੂਤ ਡਰਾਯਾ ਹੈ।
ਕੀ ਹੋਇਆ ਕੀ ਹੋਇਆ ਲੋਕੋ, ਭਾਰਤ ਕਿਉਂ ਭੁਲਾਯਾ ਹੈ।
(ਗਦਰ ਦੀ ਗੂੰਜ, 1918, ਪੰਨਾ-25)

ਜਗਤਾਰ ਢਾਅ ਪ੍ਰਦੇਸੀਂ ਵਸਦੇ ਭਾਰਤੀਆਂ ਨੂੰ ਸੰਬੋਧਨ ਹੁੰਦਾ ਹੋਇਆ ਨਿਰਣਾ ਦਿੰਦਾ ਹੈ ਕਿ-

ਲਾਲਾ ਜੂਲਾ ਲੋਟੂਆਂ ਦਾ
ਪੈਣਾ ਦੇਸ਼ ਪੈਰਾਂ ਉੱਤੇ ਖੜ੍ਹਾ ਕਰਨਾ।
ਨਵਾਂ ਭਾਰਤ ਉਸਾਰਨ ਬਿਨ
ਨਾ ਦੇਸ ਨਾ ਪ੍ਰਦੇਸ
ਸਾਡਾ ਕਿਤੇ ਨਹੀਂ ਸਰਨਾ।
ਮੈਂ ਸੋਚਾਂ,
ਜੇ ਪ੍ਰਦੇਸ਼ਾਂ 'ਚ ਆਪਣੀ ਇੱਜਤ ਕਰਾਉਣੀ

ਤਾਂ ਪਹਿਲਾਂ ਆਪਣੇ ਦੇਸ਼ ਚ ਲੋਕਾਂ ਦੀ ਪੈਣੀ
ਕਿਸਮਤ ਬਣਾਉਣੀ।[9]

ਜਗਤਾਰ ਢਾਅ ਆਪਣੀ ਕਾਵਿ-ਰਚਨਾ ਵਿਚ ਸਮੂਹ ਦੇਸ਼ ਵਾਸੀਆਂ ਨੂੰ ਸੰਬੋਧਨ ਹੋਇਆ ਆਖਦਾ ਹੈ-

ਮੇਰੇ ਮਿੱਤਰੋ,
ਉਹ ਸਮਾਂ ਆਏਗਾ, ਜਰੂਰ ਆਏਗਾ।
ਅਸੀਂ ਜਿੱਥੇ ਕਿਤੇ ਵੀ ਹੋਵਾਂਗੇ
ਉਸ ਨੂੰ ਲਿਆਉਣ ਲਈ ਚਾਰਾ ਕਰਾਂਗੇ।
ਤੇ ਉਸ ਆਏ ਸਮੇਂ ਨੂੰ
ਵਾਪਸ ਪਰਤਣ ਨਹੀਂ ਦਿਆਂਗੇ।
ਦੋਸਤੋ ਇਹ ਮੇਰਾ ਵੀ ਕਰਮ ਬਣੇਂ
ਤੁਹਾਡਾ ਵੀ ਕਰਮ ਬਣੇਂ
ਸਾਡਾ ਸਾਰਿਆਂ ਦਾ ਕਰਮ ਬਣੇਂ
ਸਾਡਾ ਸਾਰਿਆਂ ਦਾ ਧਰਮ ਬਣੇਂ।[10]

ਗਦਰੀ ਬਾਬਿਆਂ ਨੇ ਵੀ ਸੁੱਤੀ ਅਵਾਮ ਨੂੰ ਹਲੂਣ ਲ਼ਈ ਅਤੇ ਉਹਨਾਂ ਨੂੰ ਆਪਣੇ ਹੱਕਾਂ ਪ੍ਰਤੀ ਸੁਚੇਤ ਹੋਣ ਦਾ ਪੈਗਾਮ ਦਿੱਤਾ ਸੀ। ਉਹਨਾਂ ਅਨੁਸਾਰ-

ਚੱਲੋ ਮੁਲਕ ਅੰਦਰ ਚੱਲ ਗਦਰ ਪਾਈਏ,
ਐਵੇਂ ਵਕਤ ਗਵਾਉਣ ਦੀ ਲੋੜ ਕੀ ਏ।
ਮੁਲਕ ਵਿਚ ਜੇਕਰ ਕੰਨੋਂ ਕੁਸਕਦੇ ਨਹੀਂ,
ਲਾਂਭੇ ਸ਼ੋਰ ਮਚੌਣ ਦੀ ਲੋੜ ਕੀ ਏ।
ਮੁਲਕੋਂ ਪੈਣ ਧੱਕੇ ਲਾਂਭੇ ਹੱਕ ਮੰਗੋ,
ਮੁਫ਼ਤ ਲੁੱਡੀਆਂ ਪੌਣ ਦੀ ਲੋੜ ਕੀ ਏ।[11]

ਗੋਰਿਆਂ ਪ੍ਰਤੀ ਭਾਰਤੀਆਂ ਨੂੰ ਸੁਚੇਤ ਕਰਦੇ ਉਹ ਕਹਿੰਦੇ ਹਨ-

ਜ਼ੁਲਮ ਜ਼ਾਲਮਾਂ ਦਾ ਮਸ਼ਹੂਰ ਹੋਇਆ,
ਗੋਰੇ ਲੁੱਟਦੇ ਹਿੰਦ ਬਜ਼ਾਰ ਲੋਕੋ।
ਜਾਗੋ ਸੁੱਤਿਓ ਸੁਣੋ ਪੁਕਾਰ ਮੇਰੀ,
ਕੇੜੀ ਗੱਲ ਦੇ ਹੋਏ ਗਮਖ਼ਾਰ ਲੋਕੋ।
ਤੰਦਰੁਸਤ ਹੈ ਹੋਰ ਜਹਾਨ ਸਾਰਾ,
ਤੁਸੀਂ ਪਏ ਹੋ ਬੜੇ ਬੀਮਾਰ ਲੋਕੋ।
ਪੰਜ.ਸੱਤ ਗੋਰੇ ਜਿੱਥੇ ਨਜ਼ਰ ਔਂਦੇ,
ਤੁਸੀਂ ਦਿਸਦੇ ਕਈ ਹਜ਼ਾਰ ਲੋਕੇ।[12]

## <u>ਹਵਾਲੇ ਤੇ ਟਿੱਪਣੀਆਂ</u>

1. ਜਗਤਾਰ ਢਾਅ ਗੁਆਚੇ ਘਰ ਦੀ ਤਲਾਸ਼, ਪੰਨਾ- *7*

2. ਉਹੀ.........................................., ਪੰਨਾ-10
3. ਗਦਰ ਦੀ ਗੂੰਜ, 1918, ਪੰਨਾ-8
4. ਜਗਤਾਰ ਢਾਅ ਗੁਆਚੇ ਘਰ ਦੀ ਤਲਾਸ਼, ਪੰਨਾ- 12
5. ਗਦਰ ਦੀ ਗੂੰਜ, 1918 ਪੰਨਾ- 17
6. ਜਗਤਾਰ ਢਾਅ ਗੁਆਚੇ ਘਰ ਦੀ ਤਲਾਸ਼, ਪੰਨਾ- 15
7. ਗਦਰ ਦੀ ਗੂੰਜ, 1918 ਪੰਨਾ- 23
8. ਜਗਤਾਰ ਢਾਅ ਗੁਆਚੇ ਘਰ ਦੀ ਤਲਾਸ਼ ਪੰਨਾ- 22
9. ਉਹੀ.........................................., ਪੰਨਾ- 25
10. ਉਹੀ.........................................., ਪੰਨਾ-27
11. ਗਦਰ ਦੀ ਗੂੰਜ, 1918 ਪੰਨਾ-3
12. ਉਹੀ.................... ਪੰਨਾ -34.